## 5 ਨਾਮ ਦਾ ਖ਼ਜ਼ਾਨਾ ਭਗਤਾਂ ਕੋਲ :

ਸਿਰੀਰਾਗੁ ਮਹਲਾ ੩ ॥
ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥

ਗੁਰੂ ਦੇ ਭਗਤਾਂ ਦੇ ਕੋਲ ਗੁਰੂ ਦੀ ਭਗਤੀ ਰੂਪ ਬੇਅੰਤ ਪੂੰਜੀ ਜਾਂ ਖਜ਼ਾਨਾ ਹੁੰਦਾ ਹੈ, ਉਹ ਇਸ ਦਾ ਵਪਾਰ ਗੁਰੂ ਤੋਂ ਪੁੱਛ ਕੇ, ਉਸ ਦੇ ਹੁਕਮ ਵਿਚ ਕਰਦੇ ਰਹਿੰਦੇ ਹਨ। (ਵਪਾਰ ਦਾ ਅਰਥ ਹੁੰਦਾ ਹੈ, ਕੁਝ ਕੀਮਤ ਲੈ ਕੇ ਲੋੜ ਦਾ ਸੌਦਾ ਦੇਣਾ। ਭਗਤ, ਅਗੋਂ ਕਿਸੇ ਤੋਂ ਸੇਵਾ/ਭਗਤੀ/ਪ੍ਰੇਮ ਆਦਿ ਰੂਪ ਕੀਮਤ ਲੈ ਕੇ ਨਾਮ ਰੂਪੀ ਵਸਤ ਬਖਸ਼ ਦਿੰਦੇ ਹਨ। ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਨਾਮ ਰੂਪੀ ਕੀਮਤੀ ਵਸਤ ਮੁਫ਼ਤ ਨਹੀਂ ਮਿਲਦੀ। ਕੁਝ ਕੀਮਤ ਵੀ ਚੁਕਾਉਣੀ ਹੀ ਪੈਂਦੀ ਹੈ। )
ਗੁਰੂ ਆਪਣੇ ਭਗਤ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਦ੍ਰਿੜ ਕਰ ਦਿੰਦਾ ਹੈ, ਇਸੇ ਲਈ ਭਗਤਾਂ ਦੇ ਕੋਲ ਇਸ ਖਜ਼ਾਨੇ ਦਾ ਅਤੁੱਟ ਭੰਡਾਰ ਹੁੰਦਾ ਹੈ, ਤਾਂ ਹੀ ਉਹ ਇਹ ਦੇਣ ਦੇ ਸਮਰਥ ਹੁੰਦਾ ਹੈ। (ਭਗਤ ਜਨਾ ਕੈ ਮਨਿ ਬਿਸ੍ਰਾਮ ।।) ੧।

ਭਾਈ ਰੇ ਇਸੁ ਮਨ ਕਉ ਸਮਝਾਇ ॥
ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥

ਹੇ ਭਾਈ! ਇਸ ਮਨ ਨੂੰ ਸਮਝਾ ਕਿ ਹੇ ਆਲਸ ਨਾ ਕਰੇ ਅਤੇ ਆਪਣੇ ਗੁਰੂ ਦੀ ਸਿਖਿਆ ਅਨੁਸਾਰ ਨਾਮ ਜਪੇ।੧।ਰਹਾਉ।

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥

ਗੁਰੂ ਦਾ ਭਗਤ ਗੁਰੂ ਦਾ ਪਿਆਰ ਹੈ ਭਾਵ ਗੁਰੂ ਆਪਣੇ ਭਗਤ ਨੂੰ ਬਹੁਤ ਪਿਆਰ ਕਰਦਾ ਹੈ ਜੋ ਗੁਰੂ ਦੀ ਛੱਤਰ-ਛਾਇਆ ਵਿਚ ਰਹਿ ਕੇ ਨਾਮ ਜਪਦਾ ਹੈ। ਪਰ ਇਸ ਤੋਂ ਉਲਟ, ਪਖੰਡ ਕਰਨ ਵਾਲਾ ਭਗਤੀ ਦੇ ਰਸਤੇ ਨਹੀਂ ਚਲ ਸਕਦਾ ਅਤੇ ਉਸ ਦੇ ਬੋਲ ਅਤੇ ਅਚਾਰ ਵਿਹਾਰ ਦੁਬਿਧਾ ਵਾਲੇ ਅਤੇ ਖੁਆਰ ਕਰਨ ਵਾਲੇ ਹੁੰਦੇ ਹਨ। ਪਰ ਅਸਲ ਭਗਤ ਬਾਕੀ ਦੁਨੀਆਂ ਦੇ ਲੋਕਾਂ ਵਿਚ ਰਲਾਇਆ ਨਹੀਂ ਰਲਦਾ ਕਿਉਂਕਿ ਉਸ ਦੇ ਅੰਦਰ ਬਿਬੇਕ ਦੀ ਵਿਚਾਰ ਹੁੰਦੀ ਹੈ, ਉਸ ਨੂੰ ਸਮਝ ਹੁੰਦੀ ਹੈ, ਜੋ ਬਾਕੀ ਦੁਨੀਆਂ ਕੋਲ ਨਹੀਂ ਹੁੰਦੀ। ੨।

ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥

ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥

ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥

ਗੁਰੂ ਦਾ ਸੇਵਕ ਜਾਂ ਭਗਤ ਉਸ ਨੂੰ ਕਹਿੰਦੇ ਹਨ ਜੋ ਆਪਣੇ ਹਿਰਦੇ ਵਿਚ ਗੁਰੂ ਨੂੰ ਧਾਰਣ ਕਰੀ ਰਖਦਾ ਹੈ, ਆਪਣੀ 'ਮੈਂ' ਨੂੰ ਪਾਸੇ ਕਰ ਕੇ ਗੁਰੂ ਨੂੰ ਤਨ ਮਨ ਸੌਂਪੀ ਰਖਦਾ ਹੈ। ਅਜਿਹਾ ਗੁਰੂ ਦੇ ਸਨਮੁਖ ਰਹਿਣ ਵਾਲਾ ਭਗਤ ਜੋ ਸਮਰਪਣ ਕਰਨ ਲਗਿਆਂ ਕਦੇ ਨਹੀਂ ਹਾਰਦਾ, ਪਿਛੇ ਨਹੀਂ ਹਟਦਾ, ਉਹ ਧੰਨ ਹੈ ਅਤੇ ਉਹ ਹੀ ਗੁਰੂ ਨੂੰ ਪਰਵਾਣ ਹੁੰਦਾ ਹੈ।੩।

ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥

ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥

ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥੪॥੬॥੩੯॥

ਇਸ ਸਭ ਦੇ ਬਾਵਜੂਦ ਕਰਮ ਨਾਲ ਹੀ ਪ੍ਰਭੂ ਮਿਲਦਾ ਹੈ। ਕਰਮ ਦਾ ਅਰਥ ਬਖਸ਼ਿਸ਼ ਵੀ ਹੈ ਅਤੇ ਆਪਣੇ ਕੀਤੇ ਸ਼ੁਭ ਅਮਲ ਵੀ ਹੈ। ਉਦਮ ਕਰਦਿਆਂ, ਭਗਤੀ ਕਮਾਈ ਕਰਦਿਆਂ ਕਰਦਿਆਂ, ਗੁਰੂ ਦੀ ਬਖਸ਼ਿਸ਼ ਪ੍ਰਾਪਤ ਹੋਣ ਤੋਂ ਬਗੈਰ ਨਾਮ ਧਨ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਭਾਵੇਂ ਉੱਦਮ ਵੀ ਜ਼ਰੂਰੀ ਹੈ ਪਰ ਬਖਸ਼ਿਸ਼ ਹਮੇਸ਼ਾਂ ਹੀ ਪ੍ਰਧਾਨ ਹੈ।

ਚੁਰਾਸੀ ਲਖ ਜੂਨਾਂ ਦੇ ਜੀਵ ਗੁਰੂ/ਪਰਮਾਤਮਾ ਦੇ ਮਿਲਾਪ ਲਈ ਤਰਸਦੇ ਹਨ ਪਰ ਉਹ ਜਿਸ ਨੂੰ ਵੀ ਆਪਣੀ ਕਿਰਪਾ ਰਾਹੀਂ ਮਿਲਾਉਂਦਾ ਹੈ ਉਹੀ ਉਸ ਨੂੰ ਮਿਲ ਸਕਦਾ ਹੈ, ਹੋਰ ਕੋਈ ਨਹੀਂ।

ਤੀਜੇ ਨਾਨਕ, ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਗੁਰੂ ਦੇ ਹੁਕਮ ਅਨੁਸਾਰੀ ਹੋ ਕੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ, ਹੁਕਮ ਅਨੁਸਾਰੀ ਹੋ ਕੇ ਹੀ ਨਾਮ ਦੀ ਪ੍ਰਾਪਤੀ ਹੋ ਕੇ ਸਦਾ ਲਈ ਉਸ ਵਿਚ ਸਮਾਇਆ ਜਾਂਦਾ ਹੈ। ਇਹੀ ਹੀ ਤਾਂ ਇਸ ਜੀਵਨ ਦਾ ਮਨੋਰਥ ਹੈ।੪।੬।੩੯।

Last modified: 2 Mar 2020